SWITCH INSURANCE
AUTO, HOME & COMMERCIAL
Commercial Vehicle Insurance
Commercial Property Insurance
Commercial General Liability (CGL)
Rental Property
905-965-7474
www.SwitchInsurance.ca
7900 Hurontario St Suite 308, Brampton, ON L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi
B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 24* Issue 25 | Tuesday, 11 February 2025 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ



# ਹਾਈਵੇ 417 ’ਤੇ ਕੌਫ਼ੀ ਪੀਣ ਲਈ ਡਰਾਈਵਰਾਂ ਨੇ ਰੋਕੀਆਂ ਗੱਡੀਆਂ, ਲੱਗਾ ਜੁਰਮਾਨਾ

ਓਟਵਾ, 10 ਫਰਵਰੀ (ਪੋਸਟ ਬਿਊਰੋ): ਓਂਟਾਰੀਓ ਪ੍ਰੋਵਿਨਸ਼ੀਅਲ ਪੁਲਿਸ ਅਨੁਸਾਰ ਸ਼ਨੀਵਾਰ ਦੁਪਹਿਰ ਨੂੰ ਓਟਵਾ ਵਿੱਚ ਹਾਈਵੇ 417 ’ਤੇ ਕੌਫ਼ੀ ਪੀਣ ਲਈ ਰੁਕਣ ’ਤੇ ਟਰਾਂਸਪੋਰਟ ਟਰੱਕ ਅਤੇ ਕਾਰ ਦੇ ਚਾਲਕਾਂ ’ਤੇ ਕਈ ਜੁਰਮਾਨੇ ਲਗਾਏ ਗਏ ਹਨ। ਸ਼ਾਮ 5 ਵਜੇ ਦੇ ਕੁੱਝ ਸਮੇਂ ਬਾਅਦ ਪੁਲਿਸ ਨੂੰ ਮੂਡੀ ਡਰਾਈਵ ਕੋਲ ਹਾਈਵੇ ’ਤੇ ਇੱਕ ਰੁਕੀ ਹੋਈ ਗੱਡੀ ਅਤੇ ਇੱਕ ਟਰਾਂਸਪੋਰਟ ਟਰੱਕ ਮਿਲਿਆ। ਅਧਿਕਾਰੀਆਂ ਨੇ ਨੋਟ ਕੀਤਾ ਕਿ ਸਾਈਡ ’ਤੇ ਸੀ ਅਤੇ ਟਰਾਂਸਪੋਰਟ ਟ੍ਰੈਫਿਕ ਦੀ ਲਾਈਵ ਲੇਨ ਵਿੱਚ ਸੀ।

ਓਪੀਪੀ ਨੇ ਦੱਸਿਆ ਕਿ ਮੂਡੀ ਤੋਂ ਹਾਈਵੇ 417 ਵੇਸਟ ਉੱਤੇ ਰੈਂਪ, ਜਿਥੇ ਵਾਹਨ ਰੁਕੇ ਸਨ, ਉਹ ਟ੍ਰੈਫਿਕ ਦੀ ਲਾਈਵ ਲੇਨ ਸੀ। ਜਾਂਚ ਕਰਨ ’ਤੇ ਪੁਲਿਸ ਨੇ ਪਾਇਆ ਕਿ ਦੋਵੇਂ ਚਾਲਕ ਕਾਫ਼ੀ ਪੀਣ ਲਈ ਰੁਕੇ ਸਨ।



ਪੁਲਿਸ ਦਾ ਕਹਿਣਾ ਹੈ ਕਿ ਹਾਲਾਂਕਿ ਰਾਜ ਮਾਰਗ ’ਤੇ ਸਾਈਨਬੋਰਡ ਲੱਗੇ ਹਨ, ਜੋ ਲੋਕਾਂ ਨੂੰ ਦੱਸਦੇ ਹਨ ਕਿ ਰਾਜ ਮਾਰਗ ਦੇ ਕੰਢੇ ਪਾਰਕ ਕਰਨਾ ਗੈਰਕਾਨੂੰਨੀ ਹੈ, ਇਸ ਲਈ ਡਰਾਈਵਰਾਂ ’ਤੇ ਸਾਈਨਬੋਰਡ ਦੀ ਉਲੰਘਣਾ ਕਰਨ ਦਾ ਦੋਸ਼ ਲਗਾਇਆ ਗਿਆ, ਜਿਸ ਲਈ 110 ਡਾਲਰ ਦਾ ਟਿਕਟ ਅਤੇ ਦੋ ਅੰਕ ਦਾ ਜੁਰਮਾਨਾ ਹੈ।

ਉਨ੍ਹਾਂ ਦੋਨਾਂ ਨੂੰ ਰਾਜ ਮਾਰਗ ਦੀ ਵਰਤੋਂ ਕਰਨ ਵਾਲੇ ਪੈਦਲ ਪਾਂਧੀ ( 50 ਡਾਲਰ) ਅਤੇ ਰਾਜ ਮਾਰਗ ’ਤੇ ਖੜ੍ਹੇ ਹੋਣ, ਆਵਾਜਾਈ ਵਿੱਚ ਰੁਕਾਵਟ ਪਾਉਣ (25 ਡਾਲਰ) ਲਈ ਟਿਕਟ ਜਾਰੀ ਕੀਤੇ ਗਏ।

ਪੁਲਿਸ ਦਾ ਕਹਿਣਾ ਹੈ ਕਿ ਹਾਲਾਂਕਿ ਡਰਾਈਵਰਾਂ ਨੂੰ ਐਮਰਜੈਂਸੀ ਹਾਲਤ ਵਿੱਚ ਸਾਈਡ ’ਤੇ ਜਾਣ ਦੀ ਆਗਿਆ ਹੈ, ਪਰ ਉਹ ਡਰਾਈਵਿੰਗ ਲੇਨ ਵਿੱਚ ਨਹੀਂ ਰੁਕ ਸਕਦੇ ।

# ਪ੍ਰਧਾਨ ਮੰਤਰੀ ਜਸਟਿਨ ਟਰੂਡੋ ਏਆਈ ਸਿਖਰ ਸੰਮੇਲਨ ਲਈ ਪੈਰਿਸ ਪਹੁੰਚੇ

ਪੈਰਿਸ, 10 ਫਰਵਰੀ (ਪੋਸਟ ਬਿਊਰੋ): ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅੱਜ ਆਰਟੀਫਿਸ਼ੀਅਲ ਇੰਟੈਲੀਜੈਂਸ ’ਤੇ ਗਲੋਬਲ ਸਿਖਰ ਸੰਮੇਲਨ ਲਈ ਪੈਰਿਸ ਪਹੁੰਚੇ ਗਏ ਹਨ। ਦੂਜੇ ਪਾਸੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਕੈਨੇਡਾ ’ਤੇ ਸਟੀਲ ਅਤੇ ਐਲੂਮਿਨੀਅਮ ਟੈਰਿਫ ਦੇ ਐਲਾਨ ਕਰਨ ਦੀ ਉਮੀਦ ਹੈ।

ਟਰੰਪ ਨੇ ਐਤਵਾਰ ਨੂੰ ਕਿਹਾ ਕਿ ਉਹ ਸੋਮਵਾਰ ਨੂੰ ਕੈਨੇਡਾ ਸਮੇਤ ਸਾਰੇ ਸਟੀਲ ਅਤੇ ਐਲੂਮਿਨੀਅਮ ਆਯਾਤਾਂ ’ਤੇ 25 ਫ਼ੀਸਦੀ ਟੈਰਿਫ ਦੀ ਰਸਮੀ ਐਲਾਨ ਕਰਨਗੇ।

ਇੱਕ ਇੰਟਰਵਿਊ ਵਿੱਚ ਟਰੰਪ ਨੇ ਇਹ ਵੀ ਕਿਹਾ ਕਿ ਉਹ ਕੈਨੇਡਾ ਨੂੰ ਅਮਰੀਕੀ ਰਾਜ ਬਣਦੇ ਵੇਖਣਾ ਚਾਹੁੰਦੇ ਹਨ, ਸ਼ੁੱਕਰਵਾਰ ਨੂੰ ਟਰੂਡੋ ਦੀਆਂ



ਟਿੱਪਣੀਆਂ ਬਾਰੇ ਵਿੱਚ ਪੁੱਛੇ ਜਾਣ ’ਤੇ ਜਿਸ ਵਿੱਚ ਟਰੂਡੋ ਨੇ ਵਪਾਰ ਜਗਤ ਦੇ ਨੇਤਾਵਾਂ ਦੇ ਇੱਕ ਸਮੂਹ ਵੱਲੋਂ ਕਿਹਾ ਸੀ ਕਿ ਟਰੰਪ ਮਜ਼ਾਕ ਨਹੀਂ ਕਰ ਰਹੇ ਹਨ।

ਅੱਜ ਤੋਂ ਸ਼ੁਰੂ ਹੋਣ ਵਾਲੇ ਏਆਈ ਐਕਸ਼ਨ ਸਿਖਰ ਸੰਮੇਲਨ ਲਈ ਅਮਰੀਕੀ ਉਪਰਾਸ਼ਟਰਪਤੀ ਜੇਡੀ ਵੇਂਸ ਵੀ ਪੈਰਿਸ ਵਿੱਚ ਹਨ।

# ਬੰਗਲੁਰੂ ਵਿਚ ਚਰਚ ਸਟ੍ਰੀਟ ’ਤੇ ਬ੍ਰਿਟੇਨ ਦੇ ਮਸ਼ਹੂਰ ਗਾਇਕ ਦਾ ਪੁਲਿਸ ਨੇ ਰੁਕਵਾਇਆ ਸ਼ੋਅ

ਬੰਗਲੁਰੂ, 10 ਫਰਵਰੀ (ਪੋਸਟ ਬਿਊਰੋ): ਬ੍ਰਿਟੇਨ ਦੇ ਮਸ਼ਹੂਰ ਗਾਇਕ ਐਡ ਸ਼ੀਰਨ ਇਸ ਸਮੇਂ ਭਾਰਤ ਵਿੱਚ ਹਨ। ਹਾਲ ਹੀ ਵਿੱਚ ਉਸਨੇ ਚੇਨਈ ਵਿੱਚ ਏ.ਆਰ. ਰਹਿਮਾਨ ਨਾਲ ਸਟੇਜ 'ਤੇ ਪ੍ਰਫਾਰਮ ਕੀਤਾ ਸੀ। ਜਾਣਕਾਰੀ ਮੁਤਾਬਕ ਗ੍ਰੈਮੀ ਪੁਰਸਕਾਰ ਜੇਤੂ ਐਡ ਸ਼ੀਰਨ ਫਿਰ ਐਤਵਾਰ ਨੂੰ ਬੰਗਲੁਰੂ ਪਹੁੰਚੇ, ਜਿੱਥੇ ਉਹ ਸੜਕ ਦੇ ਕਿਨਾਰੇ ਮਾਈਕ ਅਤੇ ਗਿਟਾਰ ਲੈ ਕੇ ਉਤਰ ਆਏ ਅਤੇ ਗਾਉਣਾ ਸ਼ੁਰੂ ਕਰ ਦਿੱਤਾ।

ਇਸ ਘਟਨਾ ਤੇ ਡੀਸੀਪੀ ਸੈਂਟਰ



ਬੰਗਲੁਰੂ ਸ਼ੇਖਰ ਟੀ ਟੇਕਨਨਾਵਰ ਦਾ ਬਿਆਨ ਸਾਹਮਣੇ ਆਇਆ ਹੈ। ਉਨ੍ਹਾਂ ਨੇ ਕਿਹਾ ਕਿ ਇਵੈਂਟ ਪ੍ਰਬੰਧਕਾਂ ਵਿਚੋਂ ਇਕ ਮੈਂਬਰ ਚਰਚ ਸਟ੍ਰੀਟ ਤੇ ਸਟ੍ਰੀਟਸਾਈਡ ਤੇ ਗਾਉਣ ਲਈ ਇਜਾਜ਼ਤ ਲੈਣ ਲਈ ਮੈਨੂੰ ਮਿਲਣ ਆਇਆ ਸੀ, ਹਾਲਾਂਕਿ ਮੈਂ ਇਜਾਜ਼ਤ ਦੇਣ ਤੋਂ ਇਲਕਾਰ ਕਰ ਦਿੱਤਾ, ਕਿਉਂਕਿ ਚਰਚ ਸਟ੍ਰੀਟ ਵਿਚ ਬਹੁਤ ਭੀੜ ਹੁੰਦੀ ਹੈ। ਇਹੀ ਕਾਰਨ ਹੈ ਕਿ ਉਕਤ ਜਗ੍ਹਾ ਨੂੰ ਖ਼ਾਲੀ ਕਰਨ ਵਾਸਤੇ ਗਾਇਕ ਐਡ ਸ਼ੀਰਨ ਨੂੰ ਕਿਹਾ ਗਿਆ ਸੀ।

ਇੰਨੇ ਵੱਡੇ ਗਾਇਕ ਨੂੰ ਇਸ ਤਰ੍ਹਾਂ ਗਾਉਂਦੇ ਦੇਖ ਕੇ, ਕੁਝ ਹੀ ਦੇਰ ਵਿੱਚ ਪ੍ਰਸ਼ੰਸਕਾਂ ਦੀ ਭੀੜ ਉੱਥੇ ਇਕੱਠੀ ਹੋਣ ਲੱਗ ਪਈ। ਇਸ ਤੋਂ ਬਾਅਦ, ਕੁਝ ਹੀ ਸਮੇਂ ਵਿੱਚ ਬੈਂਗਲੁਰੂ ਪੁਲਿਸ ਵੀ ਉੱਥੇ ਪਹੁੰਚ ਗਈ। ਪੁਲਿਸ ਨੇ ਤੁਰੰਤ ਹਰਕਤ ਵਿਚ ਆਉਂਦੇ ਹੋਏ ਗਾਇਕ ਦਾ ਮਾਈਕ ਅਤੇ ਗਿਟਾਰ ਖੋਹ ਲਈ ਅਤੇ ਗਾਇਕ ਨੂੰ ਚਲੇ ਜਾਣ ਲਈ ਕਿਹਾ। ਇਸ ਘਟਨਾ ਦਾ ਵੀਡੀਓ ਸੋਸ਼ਲ ਮੀਡੀਆ 'ਤੇ ਬਹੁਤ ਵਾਇਰਲ ਹੋ ਰਿਹਾ ਹੈ।




# ਗਾਜ਼ਾ ਦੇ ਨੇਤਜ਼ਾਰਿਮ ਤੋਂ ਪਿੱਛੇ ਹਟ ਰਹੀ ਹੈ ਇਜ਼ਰਾਈਲੀ ਫੌਜ



ਗਾਜ਼ਾ, 10 ਫਰਵਰੀ (ਪੋਸਟ ਬਿਊਰੋ): ਇਜ਼ਰਾਈਲੀ ਫੌਜ ਨੇ ਐਤਵਾਰ ਨੂੰ ਜੰਗਬੰਦੀ ਸਮਝੌਤੇ ਤਹਿਤ ਗਾਜ਼ਾ ਦੇ ਨੇਤਜ਼ਾਰਿਮ ਕੋਰੀਡੋਰ ਤੋਂ ਪਿੱਛੇ ਹਟਣਾ ਸ਼ੁਰੂ ਕਰ ਦਿੱਤਾ। ਇਹ ਲਾਂਘਾ ਉੱਤਰੀ ਗਾਜ਼ਾ ਨੂੰ ਦੱਖਣੀ ਗਾਜ਼ਾ ਤੋਂ ਵੱਖ ਕਰਦਾ ਹੈ। ਮੀਡੀਆ ਰਿਪੋਰਟਾਂ ਅਨੁਸਾਰ, ਇਜ਼ਰਾਈਲ ਨੇ ਯੁੱਧ ਦੌਰਾਨ ਇਸਨੂੰ ਇੱਕ ਫੌਜੀ ਖੇਤਰ ਵਜੋਂ ਵਰਤਿਆ ਸੀ।

19 ਜਨਵਰੀ ਨੂੰ ਫਲਸਤੀਨੀ ਅੱਤਵਾਦੀ ਸਮੂਹ ਹਮਾਸ ਨਾਲ ਹੋਏ ਜੰਗਬੰਦੀ ਸਮਝੌਤੇ ਦੌਰਾਨ, ਇਜ਼ਰਾਈਲ 6 ਕਿਲੋਮੀਟਰ ਲੰਬੇ ਨੇਤਜ਼ਾਰਿਮ ਲਾਂਘੇ ਤੋਂ ਪਿੱਛੇ ਹਟਣ ਲਈ ਸਹਿਮਤ ਹੋ ਗਿਆ। ਉਦੋਂ ਤੋਂ, ਫਲਸਤੀਨੀ ਨਾਗਰਿਕ ਨੇਤਜ਼ਾਰਿਮ ਨੂੰ ਪਾਰ ਕਰ ਰਹੇ ਹਨ ਅਤੇ ਆਪਣੇ ਘਰਾਂ ਨੂੰ ਵਾਪਿਸ ਆ ਰਹੇ ਹਨ।

ਇੱਕ ਇਜ਼ਰਾਈਲੀ ਅਧਿਕਾਰੀ ਨੇ ਆਪਣਾ ਨਾਮ ਗੁਪਤ ਰੱਖਣ ਦੀ ਸ਼ਰਤ 'ਤੇ ਮੀਡੀਆ ਨੂੰ ਦੱਸਿਆ ਕਿ ਉਸਨੂੰ ਇਲਾਕੇ ਵਿੱਚ ਫੌਜਾਂ ਦੀ ਗਤੀਵਿਧੀ 'ਤੇ ਟਿੱਪਣੀ ਕਰਨ ਦਾ ਅਧਿਕਾਰ ਨਹੀਂ ਹੈ। ਹਾਲੇ ਇਹ ਪਤਾ ਨਹੀਂ ਹੈ ਕਿ ਕਿੰਨੇ ਸੈਨਿਕ ਵਾਪਿਸ ਆ ਰਹੇ ਹਨ। ਹਾਲਾਂਕਿ, ਬਹੁਤ ਸਾਰੇ ਵਿਸਥਾਪਿਤ ਫਲਸਤੀਨੀ ਨੇਤਜ਼ਾਰਿਮ ਕਰਾਸਿੰਗ ਰਾਹੀਂ ਗਾਜ਼ਾ ਵਾਪਿਸ ਆ ਰਹੇ ਹਨ।

ਸ਼ਨੀਵਾਰ ਨੂੰ, ਹਮਾਸ ਅਤੇ ਇਜ਼ਰਾਈਲ ਵਿਚਕਾਰ ਬੰਧਕਾਂ ਦਾ ਪੰਜਵਾਂ ਆਦਾਨ-ਪ੍ਰਦਾਨ ਹੋਇਆ। ਹਮਾਸ ਨੇ ਜੰਗਬੰਦੀ ਸਮਝੌਤੇ ਦੇ ਹਿੱਸੇ ਵਜੋਂ 3 ਇਜ਼ਰਾਈਲੀ ਬੰਧਕਾਂ ਨੂੰ ਰਿਹਾਅ ਕੀਤਾ। ਇਸ ਦੇ ਨਾਲ ਹੀ, ਇਜ਼ਰਾਈਲ ਨੇ 183 ਫਲਸਤੀਨੀ ਕੈਦੀਆਂ ਨੂੰ ਰਿਹਾਅ ਕਰ ਦਿੱਤਾ।

ਸਮਝੌਤਾ ਲਾਗੂ ਹੋਣ ਤੋਂ ਬਾਅਦ ਕੁੱਲ 16 ਇਜ਼ਰਾਈਲੀ ਅਤੇ ਪੰਜ ਥਾਈਂ ਬੰਧਕਾਂ ਨੂੰ ਰਿਹਾਅ ਕੀਤਾ ਗਿਆ ਹੈ।

# ਗੁਆਟੇਮਾਲਾ ’ਚ ਬੱਸ ਪੁਲ ਤੋਂ ਡਿੱਗੀ, 50 ਲੋਕਾਂ ਦੀ ਮੌਤ, 15 ਜ਼ਖਮੀ



ਗੁਆਟੇਮਾਲਾ ਸਿਟੀ, 10 ਫਰਵਰੀ (ਪੋਸਟ ਬਿਊਰੋ): ਗੁਆਟੇਮਾਲਾ ਦੀ ਰਾਜਧਾਨੀ ਗੁਆਟੇਮਾਲਾ ਸਿਟੀ ਦੇ ਬਾਹਰੀ ਇਲਾਕੇ ’ਚ ਸੋਮਵਾਰ ਨੂੰ ਇਕ ਬੱਸ ਦੇ ਪੁਲ ਤੋਂ ਹੇਠਾਂ ਡਿੱਗਣ ਨਾਲ ਘੱਟੋ-ਘੱਟ 50 ਲੋਕਾਂ ਦੀ ਮੌਤ ਹੋ ਗਈ। ਰਾਸ਼ਟਰਪਤੀ ਬਰਨਾਰਡੋ ਅਰੇਵਾਲੋ ਨੇ ਅਪਣੀ ਹਮਦਰਦੀ ਜ਼ਾਹਰ ਕੀਤੀ ਅਤੇ ਕੌਮੀ ਸੋਗ ਦੇ ਦਿਨ ਦਾ ਐਲਾਨ ਕੀਤਾ।

ਅੱਗ ਬੁਝਾਊ ਬੁਲਾਰੇ ਐਡਵਿਨ ਵਿਲਾਗ੍ਰਾਨ ਨੇ ਦਸਿਆ ਕਿ ਕਈ ਗੱਡੀਆਂ ਦੇ ਹਾਦਸੇ ਕਾਰਨ ਬੱਸ ਸਵੇਰ ਹੋਣ ਤੋਂ ਪਹਿਲਾਂ ਪੁਲ ਤੋਂ ਹੇਠਾਂ ਆ ਗਈ। ਇਸ ਹਾਦਸੇ ’ਚ



15 ਹੋਰ ਲੋਕ ਗੰਭੀਰ ਰੂਪ ਨਾਲ ਜ਼ਖਮੀ ਹੋ ਗਏ।

ਬੱਸ ਰਾਜਧਾਨੀ ਦੇ ਉੱਤਰ-ਪੂਰਬ ’ਚ ਪ੍ਰੋਗ੍ਰੇਸੋ ਤੋਂ ਆਈ ਸੀ। ਵਾਲੰਟੀਅਰ ਫਾਇਰ ਬ੍ਰਿਗੇਡ ਦੇ ਬੁਲਾਰੇ ਓਸਕਾਰ ਸਾਂਚੇਜ਼ ਨੇ ਦਸਿਆ ਕਿ ਮ੍ਰਿਤਕਾਂ ’ਚ ਬੱਚੇ ਵੀ ਸ਼ਾਮਲ ਹਨ





















# ਚਿੰਤਨਸ਼ੀਲ ਸਾਹਿਤਧਾਰਾ ਸੰਸਥਾ ਲੁਧਿਆਣਾ ਵੱਲੋਂ ਸਨਮਾਨ ਸਮਾਰੋਹ

## ਡਾ. ਦੇਵਿੰਦਰ ਸੈਫ਼ੀ, ਡਾ. ਗੁਰਚਰਨ ਕੌਰ ਕੋਚਰ, ਡਾ. ਨਿਰਮਲ ਜੌੜਾ, ਸੁਰਿੰਦਰ ਦੀਪ ਅਤੇ ਅਮਰਜੀਤ ਸ਼ੇਰਪੁਰੀ ਡਾ. ਆਤਮ ਹਮਰਾਹੀ ਯਾਦਗਾਰੀ ਪੁਰਸਕਾਰ ਨਾਲ ਸਨਮਾਨਤ







ਲੁਧਿਆਣਾ 10 ਫ਼ਰਵਰੀ (ਗਿਆਨ ਸਿੰਘ): ਚਿੰਤਨਸ਼ੀਲ ਸਾਹਿਤਧਾਰਾ ਸੰਸਥਾ ਲੁਧਿਆਣਾ ਵਲੋਂ ਪੰਜਾਬੀ ਸਾਹਿਤ ਅਕਾਡਮੀ,ਲੁਧਿਆਣਾ ਦੇ ਸਹਿਯੋਗ ਨਾਲ ਪੰਜਾਬੀ ਸਾਹਿਤ ਦੇ ਉੱਘੇ ਖੋਜੀ, ਸ਼੍ਰੋਮਣੀ ਕਵੀ ਡਾ. ਆਤਮ ਹਮਰਾਹੀ ਦੀ ਯਾਦ ਵਿੱਚ, ਉਹਨਾਂ ਦੇ 90ਵੇਂ ਜਨਮ ਦਿਨ ਦੇ ਮੌਕੇ, ਡਾ. ਆਤਮ ਹਮਰਾਹੀ ਯਾਦਗਾਰੀ ਪੁਰਸਕਾਰ- 2025 ਪੰਜਾਬੀ ਭਵਨ, ਲੁਧਿਆਣਾ ਵਿਖੇ ਸਨਮਾਨ ਸਮਾਗਮ ਆਯੋਜਿਤ ਕੀਤਾ ਗਿਆ।

ਪ੍ਰਧਾਨਗੀ ਮੰਡਲ ਵਿਚ ਡਾ. ਸਰਬਜੀਤ ਸਿੰਘ, ਡਾ. ਸੁਖਦੇਵ ਸਿੰਘ ਸਿਰਸਾ, ਪ੍ਰਿੰਸੀਪਲ ਇੰਦਰਜੀਤ ਕੌਰ, ਮੇਅਰ ਨਗਰ ਨਿਗਮ ਲੁਧਿਆਣਾ, ਮੋਹਨ ਗਿੱਲ ਅਤੇ ਭੁਪਿੰਦਰ ਮੱਲੀ ਸ਼ਾਮਲ ਸਨ। ਸਮਾਗਮ ਮੌਕੇ ਉੱਘੇ ਚਿੰਤਕ ਤੇ ਕਵੀ ਡਾ. ਦੇਵਿੰਦਰ ਸੈਫ਼ੀ, ਪ੍ਰਸਿੱਧ ਗ਼ਜ਼ਲਗੋ ਡਾ. ਗੁਰਚਰਨ ਕੌਰ ਕੋਚਰ, ਨਾਮੀ ਨਾਟਕਕਾਰ ਡਾ. ਨਿਰਮਲ ਜੌੜਾ, ਕਹਾਣੀਕਾਰ ਸੁਰਿੰਦਰ ਦੀਪ ਨੂੰ ਡਾ. ਆਤਮ ਹਮਰਾਹੀ ਖੋਜ ਅਤੇ ਸਾਹਿਤ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਗੀਤਕਾਰ ਅਮਰਜੀਤ ਸ਼ੇਰਪੁਰੀ ਨੂੰ ਗੁਰਚਰਨ ਸਿੰਘ ਭੰਮਰਾ ਦੀ ਯਾਦ ਵਿਚ ਵਿਸ਼ੇਸ਼ ਸਨਮਾਨ ਨਾਲ ਸਨਮਾਨਿਤ ਕੀਤਾ ਗਿਆ।

ਡਾ. ਆਤਮ ਹਮਰਾਹੀ ਦੀ ਸਪੁੱਤਰੀ ਅਤੇ ਚਿੰਤਨਸ਼ੀਲ ਸਾਹਿਤਧਾਰਾ ਸੰਸਥਾ ਦੀ ਡਾਇਰੈਕਟਰ ਮਨਦੀਪ ਕੌਰ ਭੰਮਰਾ ਨੇ ਸਭ ਨੂੰ ਜੀ ਆਇਆਂ ਨੂੰ ਕਹਿੰਦਿਆਂ ਦਸਿਆ ਕਿ ਇਹ ਚੌਥਾ ਸਨਮਾਨ ਸਮਾਗਮ ਹੈ। ਉਨ੍ਹਾਂ ਡਾ. ਆਤਮ ਹਮਰਾਹੀ ਦੀ ਪੰਜਾਬੀ ਸਾਹਿਤ ਨੂੰ ਦੇਣ ਅਤੇ ਉਨ੍ਹਾਂ ਦੇ ਘਾਲਣਾਮਈ ਜੀਵਨ ਬਾਰੇ ਜਾਣਕਾਰੀ ਸਾਂਝੀ ਕੀਤੀ। ਅਕਾਡਮੀ ਦੇ ਸਕੱਤਰ ਅਤੇ ਪ੍ਰਸਿੱਧ ਕਵੀ ਡਾ. ਹਰੀ ਸਿੰਘ ਜਾਚਕ ਨੇ ਬਾਖ਼ੂਬੀ ਮੰਚ ਦਾ ਸੰਚਾਲਨ ਕੀਤਾ। ਉਨ੍ਹਾਂ ਡਾ. ਆਤਮ ਹਮਰਾਹੀ ਜੀ ਅਤੇ ਸਨਮਾਨਤ ਸ਼ਖ਼ਸੀਅਤਾਂ ਨੂੰ ਬਹੁਤ ਖ਼ੂਬਸੂਰਤ ਕਾਵਿ ਟੁਕੜੀਆਂ ਨਾਲ ਚਰਿੱਤਰਤ ਕੀਤਾ।

ਚਿੰਤਨਸ਼ੀਲ ਸਾਹਿਤਕਾਰ ਸੰਸਥਾ ਵਲੋਂ ਸਨਮਾਨਤ ਸ਼ਖ਼ਸੀਅਤਾਂ ਨੂੰ ਸ਼ੋਭਾ ਪੱਤਰ, ਸਨਮਾਨ ਚਿੰਨ੍ਹ ਅਤੇ ਦੋਸ਼ਾਲੇ ਦੇ ਕੇ ਸਨਮਾਨਿਤ ਕੀਤਾ ਗਿਆ। ਸਨਮਾਨਿਤ ਸ਼ਖ਼ਸੀਅਤਾਂ ਬਾਰੇ ਮਨਦੀਪ ਕੌਰ ਭੰਮਰਾ ਦੇ ਲਿਖੇ ਸ਼ੋਭਾ ਪੱਤਰ ਵੱਖ-ਵੱਖ ਵਿਦਵਾਨਾਂ ਵਲੋਂ ਪੜ੍ਹੇ ਗਏ। ਡਾ. ਨਿਰਮਲ ਜੋੜਾ ਅਤੇ ਸੁਰਿੰਦਰ ਦੀਪ ਬਾਰੇ ਮੈਡਮ ਮਨਦੀਪ ਕੌਰ ਭੰਮਰਾ ਨੇ, ਡਾ. ਗੁਰਚਰਨ ਕੌਰ ਕੋਚਰ ਬਾਰੇ ਕੇ. ਸਾਧੂ ਸਿੰਘ ਨੇ, ਡਾ. ਦੇਵਿੰਦਰ ਸੈਫ਼ੀ ਬਾਰੇ ਡਾ. ਗੁਲਜ਼ਾਰ ਸਿੰਘ ਪੰਧੇਰ ਅਤੇ ਅਮਰਜੀਤ ਸ਼ੇਰਪੁਰੀ ਬਾਰੇ ਅੰਜੂ ਗਰੋਵਰ ਨੇ ਸ਼ੋਭਾ ਪੱਤਰ ਪੇਸ਼ ਕੀਤੇ। ਸਨਮਾਨ ਉਪਰੰਤ ਸਨਮਾਨਿਤ ਸ਼ਖ਼ਸੀਅਤਾਂ ਨੇ ਆਪੋ ਆਪਣੇ ਵਿਚਾਰ ਪੇਸ਼ ਕਰਦਿਆਂ ਡਾ. ਆਤਮ ਹਮਰਾਹੀ ਜੀ ਨਾਲ ਆਪਣੀਆਂ ਯਾਦਾਂ ਸਾਂਝੀਆਂ ਕੀਤੀਆਂ ਅਤੇ ਚਿੰਤਨਸ਼ੀਲ ਸਾਹਿਤਧਾਰਾ ਸੰਸਥਾ ਦੇ ਅਹੁੱਦੇਦਾਰਾਂ ਦਾ ਧੰਨਵਾਦ ਕੀਤਾ।

ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਅਤੇ ਚਿੰਤਨਸ਼ੀਲ ਸਾਹਿਤਧਾਰਾ ਸੰਸਥਾ ਦੇ ਪ੍ਰਧਾਨ ਡਾ. ਸਰਬਜੀਤ ਸਿੰਘ ਨੇ ਕਿਹਾ ਸ਼ਬਦ-ਸਾਧਕ ਡਾ. ਆਤਮ ਹਮਰਾਹੀ ਦੇ ਵਿਦਿਆਰਥੀ ਹੁੰਦਿਆਂ ਆਪਣੀਆਂ ਯਾਦਾਂ ਸਾਂਝੀਆਂ ਕੀਤੀਆਂ ਅਤੇ ਅਜੋਕੇ ਸੰਕਟ ਭਰੇ ਸਮਿਆਂ ਵਿਚ ਉਨ੍ਹਾਂ ਦੀ ਪ੍ਰਸੰਗਿਕਤਾ ਸਰੋਤਿਆਂ ਅਤੇ ਸਮਿਆਂ ਦੇ ਸਨਮੁੱਖ ਕੀਤੀ।

ਅਕਾਡਮੀ ਦੇ ਸਾਬਕਾ ਪ੍ਰਧਾਨ ਅਤੇ ਉੱਘੇ ਚਿੰਤਕ ਡਾ. ਸੁਖਦੇਵ ਸਿੰਘ ਸਿਰਸਾ ਨੇ ਹਮਰਾਹੀ ਸਾਹਿਬ ਬਾਰੇ ਗੱਲ ਕਰਦਿਆਂ ਟਿੱਪਣੀ ਕੀਤੀ ਕਿ ਹਮਰਾਹੀ ਮੇਰੇ ਆਪਣੇ ਜ਼ਿਲ੍ਹੇ ਮੋਗੇ ਲਈ ਚੰਦ ਵਰਗੀ ਰੌਸ਼ਨੀ ਦੇਣ ਵਾਲੇ ਸਨ। ਉਨ੍ਹਾਂ ਸਾਰੇ ਸਨਮਾਨਿਤ ਲੇਖਕਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਡਾ. ਆਤਮ ਹਮਰਾਹੀ ਯਾਦਗਾਰੀ ਸਨਮਾਨ ਦਾ ਅਰਥ ਉਨ੍ਹਾਂ ਦੀ ਸਮਝ ਨੂੰ ਅੱਗੇ ਤੋਰਨਾ ਹੁੰਦਾ ਹੈ।

ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਅਤੇ ਚਿੰਤਨਸ਼ੀਲ ਸਾਹਿਤਧਾਰਾ ਸੰਸਥਾ ਦੇ ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਲੁਧਿਆਣਾ ਦੇ ਮੇਅਰ ਪ੍ਰਿੰਸੀਪਲ ਇੰਦਰਜੀਤ ਕੌਰ ਦਾ ਸਵਾਗਤ ਕਰਦਿਆਂ ਕਿਹਾ ਕਿ ਸਾਡੇ ਲਈ ਮਾਣ ਵਾਲੀ ਗੱਲ ਹੈ ਕਿ ਇਕ ਸਿੱਖਿਆ ਦੇ ਖੇਤਰ ਵਿਚ ਨਾਮਣਾ ਖੱਟਣ ਵਾਲੀ ਮਹਿਲਾ ਸਾਡੇ ਸ਼ਹਿਰ ਲੁਧਿਆਣਾ ਦੀ ਮੇਅਰ ਬਣੀ ਹੈ। ਅਕਾਡਮੀ ਦੇ ਸਾਬਕਾ ਜਨਰਲ ਸਕੱਤਰ ਡਾ. ਗੁਰਇਕਬਾਲ ਸਿੰਘ ਨੇ ਆਪਣੇ ਵਿਦਿਆਰਥੀ ਜੀਵਨ ਦੀਆਂ ਯਾਦਾਂ ਬਾਰੇ ਦੱਸਦਿਆਂ ਡਾ. ਆਤਮ ਹਮਰਾਹੀ ਜੀ ਦੇ ਡਾ. ਹਰਜਿੰਦਰ ਵਾਲੀਆ ਸਮੇਤ ਦੋ ਚਹੇਤੇ ਵਿਦਿਆਰਥੀ ਹੋਣ ਦਾ ਮਾਣ ਕੀਤਾ।

ਪਰਵਾਸੀ ਸ਼ਾਇਰ ਸ੍ਰੀ ਮੋਹਨ ਗਿੱਲ ਨੇ ਹਮਰਾਹੀ ਸਾਹਿਬ ਨੂੰ ਯਾਦ ਕਰਦਿਆਂ ਦੱਸਿਆ ਕਿ ਜਦੋਂ ਮੇਰੀ ਪਹਿਲੀ ਪੁਸਤਕ ਲੋਕ ਅਰਪਣ ਹੋਈ ਸੀ ਉਸ ਵੇਲੇ ਡਾ. ਸਾਹਿਬ ਉਸ ਸਮਾਗਮ ਵਿਚ ਸ਼ਾਮਲ ਸਨ।

ਉੱਘੇ ਵਿਗਿਆਨੀ ਅਤੇ ਸਾਹਿਤਕਾਰ ਡਾ. ਫ਼ਕੀਰ ਚੰਦ ਸ਼ੁਕਲਾ ਨੇ ਹਮਰਾਹੀ ਸਾਹਿਬ ਨਾਲ ਬਿਤਾਏ ਪਲਾਂ ਨੂੰ ਯਾਦ ਕਰਦਿਆਂ ਆਪਣੇ ਗੂੜੀ ਮਿੱਤਰਤਾਈ ਦਾ ਜ਼ਿਕਰ ਕੀਤਾ। ਦਲਜੀਤ ਬਾਗੀ ਹੋਰਾਂ ਨੇ ਡਾ. ਆਤਮ ਹਮਰਾਹੀ ਦੇ ਵਿਦਿਆਰਥੀ ਹੋਣ 'ਤੇ ਫ਼ਖ਼ਰ ਕਰਦਿਆਂ ਯਾਦਾਂ ਸਾਂਝੀਆਂ ਕੀਤੀਆਂ। ਅਖ਼ੀਰ ਮੈਡਮ ਮਨਦੀਪ ਕੌਰ ਭੰਮਰਾ ਨੇ ਸਭ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਸਭ ਮੇਰੇ ਪਰਿਵਾਰ ਦੇ ਸਹਿਯੋਗ ਨਾਲ ਹੀ ਸੰਭਵ ਹੋ ਸਕਿਆ ਹੈ। ਉਨ੍ਹਾਂ ਆਪਣੇ ਭਰਾ ਬਲਦੀਪ ਸਿੰਘ ਹਮਰਾਹੀ ਦੀ ਨੈਤਿਕ ਹਿਮਾਇਤ ਦਾ ਜ਼ਿਕਰ ਕਰਦਿਆਂ ਆਪਣੇ ਸਤਿਕਾਰਯੋਗ ਪਿਤਾ ਡਾ. ਆਤਮ ਹਮਰਾਹੀ ਦੀ ਸਫ਼ਲਤਾ ਲਈ ਆਪਣੀ ਮਾਤਾ ਸ੍ਰੀਮਤੀ ਤਰਲੋਚਨ ਕੌਰ ਦੀ ਨਾਯਾਬ ਭੂਮਿਕਾ ਨੂੰ ਵੀ ਯਾਦ ਕੀਤਾ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਤ੍ਰੈਲੋਚਨ ਲੋਚੀ,ਇੰਦਰਜੀਤਪਾਲ ਕੌਰ, ਲਖਵਿੰਦਰ ਕੌਰ, ਮਨਜਿੰਦਰ ਧਨੋਆ, ਰਜਿੰਦਰ ਸਿੰਘ, ਗੁਰਮਤ ਸਿੰਘ, ਹਰਦੇਵ ਸਿੰਘ ਕਲਸੀ, ਗੁਰਮੇਜ ਭੱਟੀ, ਪ੍ਰਭਕਿਰਨ ਸਿੰਘ, ਬਲਵਿੰਦਰ ਮੋਹੀ, ਜਸਪ੍ਰੀਤ ਅਮਲਤਾਸ, ਡਾ. ਪਰਮਜੀਤ ਕੌਰ ਪਾਸੀ, ਪ੍ਰਭਜੋਤ ਸੋਹੀ, ਹਰਮਿੰਦਰ ਮੁੰਡੇ, ਰਣਜੀਤ ਕੌਰ, ਪਰਮਜੀਤ ਸਿੰਘ ਗਰੇਵਾਲ, ਹਰਨੇਕ ਸਿੰਘ, ਬਲਕੌਰ ਸਿੰਘ, ਪਰਮਜੀਤ ਕੌਰ ਮਹਿਕ, ਕੁਲਵਿੰਦਰ ਕੌਰ ਕਿਰਨ, ਸਿਮਰਨ ਧੁੱਗਾ, ਹਰਬਖ਼ਸ਼ ਸਿੰਘ ਗਰੇਵਾਲ, ਪ੍ਰਿੰ. ਰਣਜੀਤ ਸਿੰਘ ਅਤੇ ਸਨਮਾਨਤ ਸ਼ਖ਼ਸੀਅਤਾਂ ਦੇ ਪਰਿਵਾਰਕ ਮੈਂਬਰ ਸ਼ਾਮਲ ਹੋਏ।






# ਦਿੱਲੀ ਦੇ ਚੋਣ ਨਤੀਜੇ ਤੇ ਪੰਜਾਬ ਸਰਕਾਰ ਦੇ ਮੁਖੀ ਮੂਹਰੇ ਸਿਰ ਚੁੱਕੀ ਖੜੋਤੇ ਸਵਾਲ

ਜਤਿੰਦਰ ਪਨੂੰ ਦੀ ਕਲਮ ਤੋਂ



ਇਹ ਦੱਸਣ ਵਾਲੀ ਕੋਈ ਗੱਲ ਨਹੀਂ ਕਿ ਬੀਤੇ ਕੁਝ ਮਹੀਨਿਆਂ ਤੋਂ ਸਾਰੇ ਭਾਰਤ ਦੇ ਲੋਕਾਂ ਦੀਆਂ ਨਜ਼ਰਾਂ ਦੇਸ਼ ਦੀ ਰਾਜਧਾਨੀ ਦਿੱਲੀ ਦੀ ਵਿਧਾਨ ਸਭਾ ਦੀ ਚੋਣ ਵੱਲ ਲੱਗੀਆਂ ਹੋਈਆਂ ਸਨ। ਇਸ ਦੇ ਕਈ ਕਾਰਨਾਂ ਵਿੱਚੋਂ ਵੱਡਾ ਇੱਕ ਇਹ ਵੀ ਹੈ ਕਿ ਜਦੋਂ ਸਾਰੇ ਦੇਸ਼ ਵਿੱਚ ਇੱਕ ਪਾਰਟੀ ਆਪਣਾ ਦਬਦਬਾ ਕਾਇਮ ਕਰੀ ਫਿਰਦੀ ਹੈ, ਭਾਰਤ ਦੀ ਰਾਜਧਾਨੀ ਵਿੱਚ ਉਸ ਦੇ ਵਿਰੋਧ ਵਾਲੀ ਸਰਕਾਰ ਰਹਿਣਾ ਉਸ ਨੂੰ ਸੁਖਾਉਂਦਾ ਨਹੀਂ ਸੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਗਿਆਰਾਂ ਸਾਲ ਪਹਿਲਾਂ ਜਦੋਂ ਦੇਸ਼ ਦੀ ਕਮਾਨ ਸੰਭਾਲੀ ਸੀ, ਓਦੋਂ ਤੋਂ ਇਹ ਗਿਣਤੀ ਆਰੰਭ ਕਰ ਦਿੱਤੀ ਸੀ ਕਿ ਇੰਦਰਾ ਗਾਂਧੀ ਦੀ ਚੜ੍ਹਤ ਦੇ ਦਿਨਾਂ ਵਿੱਚ ਕਾਂਗਰਸ ਐਨੇ ਸੂਬਿਆਂ ਵਿੱਚ ਰਾਜ ਕਰਦੀ ਸੀ ਅਤੇ ਮੇਰੀ ਅਗੇਤ ਤਦੇ ਬਣ ਸਕਦੀ ਹੈ, ਜੇ ਉਸ ਤੋਂ ਵੱਧ ਸੂਬਿਆਂ ਦੀਆਂ ਸਰਕਾਰਾਂ ਮੇਰੀ ਕਮਾਨ ਹੇਠ ਚੱਲਦੀ ਪਾਰਟੀ ਦੇ ਰਾਜ ਹੇਠਲੀਆਂ ਹੋਣ। ਰਾਜ ਸਰਕਾਰਾਂ ਦੇ ਨਾਲ ਉਸ ਨੇ ਆਪਣੀ ਪਾਰਟੀ ਵਿੱਚ ਵੀ ਪਹਿਲਾਂ ਪਹਿਲ ਵੱਡੇ ਲੀਡਰਾਂ ਨੂੰ ਬਣਦਾ ਸਤਿਕਾਰ ਦੇਣ ਤੋਂ ਸ਼ੁਰੂ ਕੀਤਾ ਤੇ ਫਿਰ ਹੌਲੀ-ਹੌਲੀ ਇੱਕ-ਇੱਕ ਕਰ ਕੇ ਸਾਰਿਆਂ ਨੂੰ ਨੁੱਕਰੇ ਲਾ ਕੇ ਇੰਦਰਾ ਗਾਂਧੀ ਦੇ ਉਸ ਦੌਰ ਦੀ ਯਾਦ ਤਾਜ਼ਾ ਕਰਵਾ ਦਿੱਤੀ ਸੀ, ਜਿਸ ਵਿੱਚ 'ਇੰਦਰਾ ਇਜ਼ ਇੰਡੀਆ ਐਂਡ ਇੰਡੀਆ ਇਜ਼ ਇੰਦਰਾ' ਦਾ ਨਾਅਰਾ ਲੱਗਾ ਸੀ। ਇੰਦਰਾ ਗਾਂਧੀ ਦੇ ਦੁਆਲੇ ਜਿੰਨੇਢੰਡੋਰਚੀ ਹੋਇਆ ਕਰਦੇ ਸਨ, ਉਸ ਤੋਂ ਵੱਧ ਨਰਿੰਦਰ ਮੋਦੀ ਦੁਆਲੇ ਹਨ, ਪਰ ਬਹੁਤ ਵੱਡਾ ਫਰਕ ਇਹ ਹੈ ਕਿ ਮੋਦੀ ਏਦਾਂ ਦੇ ਢੰਡੋਰਚੀਆਂ ਦੀ ਔਕਾਤ ਜਾਣਦਾ ਤੇ ਉਨ੍ਹਾਂ ਨੂੰ ਵੇਲੇ-ਕੁਵੇਲੇ ਝਟਕਾ ਦੇ ਕੇ ਟਿਕਾਣੇ ਰੱਖਦਾਅਤੇ ਹਰ ਥਾਂ ਉਨ੍ਹਾਂ ਦੇ ਇਹੋ ਜਿਹੇ ਬਦਲ ਅੱਗੇ ਲਾ ਸਕਦਾ ਹੈ, ਜਿਹੜੇ ਸਿਰ ਹੀ ਨਾ ਚੁੱਕ ਸਕਦੇ ਹੋਣ। ਏਦਾਂਦੀ ਮਾਨਸਿਕਤਾ ਵਾਲੇ ਰਾਜਸੀ ਆਗੂ ਦੇ ਕੇਂਦਰੀ ਕਮਾਂਡ ਵਾਲੇ ਸ਼ਹਿਰ ਵਿੱਚ ਕਿਸੇ ਵਿਰੋਧੀ ਪਾਰਟੀ ਦੀ ਸਰਕਾਰ ਹੋਵੇ, ਉਸ ਨੂੰ ਇਹ ਗੱਲ ਹਜ਼ਮ ਨਹੀਂ ਸੀ ਹੋ ਸਕਦੀ ਤੇ ਇਹੋ ਕਾਰਨ ਸੀ ਕਿ ਇਸ ਵਾਰ ਉਹ ਸਾਰੀ ਤਾਕਤ ਝੋਕ ਕੇ ਵੀ ਇਸ ਦੇਸ਼ ਦੀ ਰਾਜਧਾਨੀ ਵਾਲੇ ਸ਼ਹਿਰ ਵਿੱਚ ਆਪਣੀ ਪਾਰਟੀ ਦੀ ਨਹੀਂ, ਆਪਣੀ ਖ਼ੁਦ ਦੀ ਮਰਜ਼ੀ ਦੀ ਸਰਕਾਰ ਬਣਾਉਣਾ ਚਾਹੁੰਦਾ ਸੀ।

ਇਹ ਸੋਚ ਨਰਿੰਦਰ ਮੋਦੀ ਦੀ ਹੋ ਸਕਦੀ ਹੈ ਤੇ ਸਾਰਿਆਂ ਨੂੰ ਪਤਾ ਹੈ ਕਿ ਏਦਾਂ ਹੀ ਹੋਵੇਗਾ, ਪਰ ਜਿਹੜੀ ਧਿਰ ਨੂੰ ਦਿੱਲੀ ਦੇ ਲੋਕਾਂ ਨੇ ਬੜੇ ਚਾਅ ਨਾਲ ਇਸ ਸ਼ਹਿਰ ਦੇ ਪ੍ਰਸ਼ਾਸਨ ਦੀ ਕਮਾਂਡ ਸੌਂਪੀ ਸੀ, ਉਹ ਵੀ ਇਸ ਤਬਦੀਲੀ ਦੇ ਕਾਰਨ ਪੈਦਾ ਕਰਨ ਵਿੱਚ ਘੱਟ ਸਹਿਯੋਗੀ ਸਾਬਤ ਨਹੀਂ ਹੋਈ। ਸਾਰਿਆਂ ਨੂੰ ਪਤਾ ਹੈ ਕਿ ਅਰਵਿੰਦ ਕੇਜਰੀਵਾਲ ਨੇ ਪਹਿਲੀ ਵਾਰੀ ਦਿੱਲੀ ਦੇ ਮੁੱਖ ਮੰਤਰੀ ਵਜੋਂਜਦੋਂ ਜ਼ਿੰਮੇਵਾਰੀ ਸੰਭਾਲੀ ਤਾਂ ਉਹ ਮੁੱਖ ਮੰਤਰੀ ਵਾਲੀ ਸਰਕਾਰੀ ਕੋਠੀ ਵਿੱਚ ਵੀ ਨਹੀਂ ਸੀ ਜਾਣਾ ਚਾਹੁੰਦਾ, ਜਾਂ ਘੱਟੋ-ਘੱਟ ਇਹ ਗੱਲ ਕਹਿੰਦਾ ਜ਼ਰੂਰ ਸੀ, ਪਰ ਦਸ ਸਾਲ ਪੂਰੇ ਹੋਣ ਤੋਂ ਪਹਿਲਾਂ ਇਹ ਦੁਹਾਈ ਪੈਣੀ ਸ਼ੁਰੂ ਹੋ ਗਈ ਕਿ ਜਿਹੜਾ ਕੇਜਰੀਵਾਲ ਉਸ ਸਰਕਾਰੀ ਕੋਠੀ ਵਿੱਚ ਜਾਣਾ ਨਹੀਂ ਸੀ ਚਾਹੁੰਦਾ, ਉਸ ਨੇ ਉਸ ਕੋਠੀ ਉੱਪਰ ਦੋ ਸੌ ਕਰੋੜ ਰੁਪਏ ਤੋਂ ਵੱਧ ਖਰਚ ਕਰ ਕੇ ਉਸ ਨੂੰ ਸ਼ੀਸ਼ ਮਹਿਲ ਵਰਗੀ ਬਣਾ ਧਰਿਆ ਹੈਅਤੇ ਏਦਾਂ ਕਰਨ ਵੇਲੇ ਉਸ ਨੇ ਨਿਯਮਾਂ ਮੁਤਾਬਕ ਖਰਚ ਕਰਨ ਦੀਆਂ ਹੱਦਾਂ ਦੀ ਪਰਵਾਹ ਵੀ ਨਹੀਂ ਕੀਤੀ। ਇਸ ਬਾਰੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜਾਂ ਉਸ ਦੇ ਸਹਿਯੋਗੀ ਜਦੋਂ ਉਂਗਲ ਉਠਾਉਂਦੇ ਸਨ ਤਾਂ ਜਵਾਬ ਵਿੱਚ ਇਹ ਕਿਹਾ ਜਾਂਦਾ ਸੀ ਕਿ ਪ੍ਰਧਾਨ ਮੰਤਰੀ ਨੇ ਖੁਦ ਆਪਣੇ ਲਈ ਦੋ ਬਹੁਤ ਮਹਿੰਗੇ ਵਿਸ਼ੇਸ਼ ਜਹਾਜ਼ ਬਿਨਾਂ ਵਜ੍ਹਾ ਖਰੀਦ ਲਏ ਹਨ। ਖਰੀਦੇ ਹੋਣ ਤਾਂ ਉਹ ਜਿਹੜੀ ਪਾਰਟੀ ਦਾ ਲੀਡਰ ਸੀ, ਉਸ ਪਾਰਟੀ ਨੇ ਕੋਈ ਸਾਦਗੀ ਜਾਂ 'ਆਮ ਆਦਮੀ' ਬਣ ਕੇ ਰਹਿਣ ਦਾ ਹੋਕਾ ਨਹੀਂ ਸੀ ਦਿੱਤਾ ਹੋਇਆ, ਜਦ ਕਿ ਕੇਜਰੀਵਾਲ ਇੱਕਰਾਜਸੀ ਆਗੂ ਨਹੀਂ, ਉਸ ਖਾਸ ਪਾਰਟੀ ਦਾ ਆਗੂ ਸੀ, ਜਿਹੜੀ ਆਮ ਲੋਕਾਂ ਦੀ ਪ੍ਰਤੀਨਿਧ ਹੋਣ ਦਾ ਦਾਅਵਾ ਕਰਦੀ ਸੀ। ਉਸ ਦੀ ਤੁਲਨਾ ਨਰਿੰਦਰ ਮੋਦੀ ਨਾਲ ਨਹੀਂ ਕੀਤੀ ਜਾ ਸਕਦੀ, ਦੋਵਾਂ ਵਿੱਚ ਫਰਕ ਚਾਹੀਦਾ ਸੀ ਅਤੇ ਉਹ ਫਰਕ ਰੱਖਣ ਦੀ ਲੋੜ ਨਾ ਸਮਝਣਾ ਉਸ ਪਾਰਟੀ ਨੂੰ ਦੇਸ਼ ਦੇ ਆਮ ਲੋਕਾਂ ਤੋਂ ਨਿਖੇੜਨ ਦਾ ਕਾਰਨ ਬਣਿਆ ਹੈ।

ਕੋਈ ਵਕਤ ਸੀ ਕਿ ਸੱਤਰਾਂ ਵਿੱਚੋਂ ਮਸਾਂ ਤਿੰਨ ਸੀਟਾਂ ਭਾਜਪਾ ਨੂੰ ਮਿਲੀਆਂ ਸਨ ਤੇ ਮਜ਼ਾਕ ਉਡਾਉਣ ਲਈ ਇਹ ਕਿਹਾ ਜਾਂਦਾ ਸੀ ਕਿ ਕਾਰ ਦੀ ਲੋੜ ਨਹੀਂ, ਦੋਪਹੀਆ ਗੱਡੀ, ਸਕੂਟਰ ਜਾਂ ਮੋਟਰ-ਸਾਈਕਲ ਉੱਤੇ ਤਿੰਨ ਸਵਾਰ ਬੈਠਣ ਦੀ ਆਗਿਆ ਦੇ ਦਿੱਤੀ ਜਾਵੇ ਤਾਂ ਇਨ੍ਹਾਂ ਤਿੰਨਾਂ ਲਈ ਉਹੀ ਕਾਫੀ ਹੈ। ਅੱਜ ਸਥਿਤੀ ਇਹ ਹੈ ਕਿ ਆਮ ਆਦਮੀ ਪਾਰਟੀ ਦਿੱਲੀ ਦੀ ਵਿਧਾਨ ਸਭਾ ਦਾ ਤੀਕਾ ਹਿੱਸਾ ਸੀਟਾਂ ਨੇੜੇ ਮਸਾਂ ਜਿੱਤੀ ਹੈ, ਪਰਭਾਜਪਾ ਦੋ-ਤਿਹਾਈ ਬਹੁਮੱਤ ਲੈ ਗਈ ਹੈ। ਇਸ ਦੇ ਕਾਰਨਾਂ ਦੀ ਘੋਖ ਇਸ ਪਾਰਟੀ ਨੂੰ ਕਰਨੀ ਪਵੇਗੀ ਅਤੇ ਫਿਰ ਉਹ ਗੱਲਾਂ ਵਿਚਾਰਨੀਆਂ ਪੈਣਗੀਆਂ, ਜਿਨ੍ਹਾਂ ਦੀ ਚਰਚਾ ਹੋਣ ਵੇਲੇ ਉਹ ਪੈਰਾਂ ਉੱਤੇ ਪਾਣੀ ਨਹੀਂ ਸਨ ਪੈਣ ਦੇਂਦੇ। ਮੁੱਖ ਮੰਤਰੀ ਦੀ ਸਰਕਾਰੀ ਰਿਹਾਇਸ਼ ਉੱਤੇ ਅੰਨ੍ਹਾ ਖਰਚ ਕਰਨ ਦੀ ਗੱਲ ਹੀ ਨਹੀਂ, ਉਸ ਦੀਸਰਕਾਰੀ ਰਿਹਾਇਸ਼ ਵਿੱਚ ਇੱਕ ਮੀਟਿੰਗ ਦੌਰਾਨ ਜਦੋਂ ਕੇਜਰੀਵਾਲ ਦੀ ਹਾਜ਼ਰੀ ਵਿੱਚ ਦਿੱਲੀ ਦੇ ਚੀਫ ਸੈਕਟਰੀ ਨਾਲ ਉਸ ਦੇ ਦੋ ਵਿਧਾਇਕਾਂ ਨੇ ਹੱਥੋ-ਪਾਈ ਕੀਤੀ ਅਤੇ ਸ਼ਿਕਾਇਤ ਵਿੱਚ ਕੇਜਰੀਵਾਲ ਦੀ ਹਾਜ਼ਰੀ ਦਾਜ਼ਿਕਰ ਆਇਆ ਸੀ, ਉਸ ਨੂੰ ਏਦਾਂ ਦੇ ਬੇਹੂਦਾ ਬੰਦਿਆਂ ਨੂੰ ਓਦੋਂ ਨੱਥ ਪਾਉਣੀ ਚਾਹੀਦੀ ਸੀ। ਏਦਾਂ ਕਰਨ ਦੀ ਥਾਂ ਉਸ ਨੇ ਆਪਣੇ ਬੰਦਿਆਂ ਦਾ ਪੱਖ ਪੂਰਿਆ ਸੀ ਤੇ ਜਦੋਂ ਦਿੱਲੀ ਦੇ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਨਾਲ ਮੁੱਖ ਮੰਤਰੀ ਦੀ ਸਰਕਾਰੀ ਕੋਠੀ ਵਿੱਚ ਮਾਰ-ਕੁੱਟ ਹੋਈ ਸੀ, ਕੇਜਰੀਵਾਲ ਨੇ ਓਦੋਂ ਵੀ ਚੁੱਪ ਨਹੀਂ ਸੀ ਤੋੜੀ। ਇਨ੍ਹਾਂ ਹਰਕਤਾਂ ਨੂੰ ਦਿੱਲੀ ਦੇ ਸਾਊ ਲੋਕਾਂ ਨੇ ਜੇ ਮਾੜਾ ਸਮਝਿਆ ਹੈ ਤਾਂ ਇਸ ਨੂੰ ਘਟਨਾਵਾਂ ਦੇ ਅਸਲ ਰੰਗ ਵਿੱਚ ਵੇਖਣਾ ਚਾਹੀਦਾ ਹੈ।

ਮੈਂ ਅੱਜ ਵੀ ਇਹ ਮੰਨਣ ਨੂੰ ਤਿਆਰ ਨਹੀਂ ਕਿ ਅਰਵਿੰਦ ਕੇਜਰੀਵਾਲ ਖੁਦ ਬੇਈਮਾਨੀ ਕਰਦਾ ਹੋਵੇਗਾ, ਪਰ ਉਸਨਾਲ ਜੁੜੀ ਸਾਰੀ ਧਾੜ ਜਦੋਂ ਜੇਬਾਂ ਹੀ ਨਹੀਂ, ਤਹਿਖਾਨੇ ਭਰਨ ਤੱਕ ਰੁੱਝ ਗਈ ਹੋਣ ਕਾਰਨ ਚਰਚਿਆਂ ਵਿੱਚ ਸੀ, ਉਸ ਨੇ ਓਦੋਂ ਵੀ ਉਨ੍ਹਾਂ ਵਿੱਚੋਂ ਕਿਸੇ ਬਾਰੇ ਕਾਰਵਾਈ ਕਰਨ ਦੀ ਲੋੜ ਨਹੀਂਸਮਝੀ। ਹਮੇਸ਼ਾ ਇਹ ਹੁੰਦਾ ਆਇਆ ਹੈ ਕਿ 'ਲੜਨ ਫੌਜਾਂ ਤੇ ਨਾਂਅ ਸਰਦਾਰਾਂ ਦਾ ਹੁੰਦਾ ਹੈ' ਅਤੇ ਜਦੋਂ ਕਦੀ ਫੌਜਾਂ ਕੋਈ ਪੁੱਠਾ ਕੰਮ ਕਰਨ ਤਾਂ ਉਸ ਦਾ ਜ਼ਿਮੇਵਾਰ ਵੀ ਸਿੱਧਾ ਜਾਂ ਵਲਾਵਾਂ ਪਾ ਕੇ ਉਸ ਫੌਜ ਦੇ ਸਰਦਾਰ ਨੂੰ ਠਹਿਰਾਇਆ ਜਾਂਦਾ ਹੈ। ਕੇਜਰੀਵਾਲ ਇਹ ਹਕੀਕਤ ਨਹੀਂ ਸਮਝ ਸਕਿਆ। ਉਸ ਦੀ ਧਾੜ ਦੇ ਕੀਤੇ ਪੁੱਠੇ ਕੰਮ ਉਸ ਦੀ ਸਰਕਾਰ ਦੇ ਪਤਨ ਦਾ ਅਸਲੀ ਕਾਰਨ ਬਣਦੇ ਰਹੇ ਹਨ।

ਇਸ ਮੌਕੇ ਜਿਹੜੇ ਸਵਾਲ ਸਿਰ ਚੁੱਕ ਖੜੋਤੇ ਹਨ, ਉਨ੍ਹਾਂ ਵਿੱਚੋਂ ਇੱਕ ਇਹ ਹੈ ਕਿ ਦਿੱਲੀ ਦੀ ਹਾਰ ਦਾ ਪੰਜਾਬ ਦੀ ਸਰਕਾਰ ਤੇ ਪਾਰਟੀ ਉੱਤੇ ਕੀ ਅਸਰ ਪਵੇਗਾ! ਵੱਧ ਅਸਰ ਪਵੇ ਜਾਂ ਘੱਟ, ਪੈਣਾ ਤਾਂ ਹੈ ਹੀ, ਅਤੇ ਇਹ ਵੀਸਮਝਿਆ ਜਾ ਰਿਹਾ ਹੈ ਕਿ ਦਿੱਲੀ ਜਿੱਤਣ ਪਿੱਛੋਂ ਭਾਜਪਾ ਦੀ ਕੇਂਦਰੀ ਕਮਾਨ, ਖਾਸ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਜੋੜੀ ਅਗਲਾ ਸਿਆਸੀ ਮੋਰਚਾ ਪੰਜਾਬ ਵਿੱਚ ਖੋਲ੍ਹ ਸਕਦੀ ਹੈ। ਪਿਛਲੇ ਦਿਨੀਂ ਕੇਜਰੀਵਾਲ ਦੀ ਟੀਮ ਦਾ ਪੰਜਾਬ ਸਰਕਾਰ ਵਿੱਚ ਜਿੱਦਾਂ ਦਾ ਦਖਲ ਵਧਿਆ ਸੀ, ਪੰਜਾਬ ਵਿੱਚ ਰਾਜ ਕਰਦੀ ਟੀਮ ਵਾਲਿਆਂ ਵਿੱਚੋਂ ਬਹੁਤ ਸਾਰੇ ਇਹ ਸਮਝਣ ਅਤੇ ਕਹਿਣ ਤੱਕ ਚਲੇ ਗਏ ਸਨ ਕਿ ਦਿੱਲੀ ਵਿੱਚ ਝਟਕਾ ਲੱਗ ਗਿਆ ਤਾਂ ਪੰਜਾਬ ਸਰਕਾਰ ਦਾ ਸਾਹ ਸੌਖਾ ਹੋ ਜਾਵੇਗਾ। ਇਹ ਗੱਲ ਅੱਧੀ ਠੀਕ ਹੋ ਸਕਦੀ ਹੈ, ਪੂਰਾ ਦ੍ਰਿਸ਼ ਵੇਖਿਆਂ ਉਨ੍ਹਾਂ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਇਸ ਨਵੀਂ ਹਾਲਤ ਵਿੱਚ ਉਨ੍ਹਾਂ ਦੇ ਨਾਲ ਡਟ ਕੇ ਖੜੋਣ ਵਾਲੀ ਇੱਕ ਮਜ਼ਬੂਤ ਕੰਧ ਵੀ ਡਿੱਗ ਪਈ ਹੈ। ਕੇਜਰੀਵਾਲ ਦੇ ਹੁੰਦਿਆਂ ਸਾਰੇ ਭਾਰਤ ਵਿੱਚੋਂ ਪੰਜਾਬ ਦੀ ਸਰਕਾਰ ਦੇ ਪੱਖ ਵਿੱਚ ਜਿਹੜੀ ਲਾਮਬੰਦੀ ਕੀਤੀ ਜਾ ਸਕਦੀ ਸੀ, ਇਹੋ ਜਿਹੀ ਲਾਮਬੰਦੀ ਕਰਨ ਵਾਲਾ ਮੁੱਖ ਮੰਤਰੀ ਦੇ ਦਰਜੇ ਵਾਲਾ ਏਡੇ ਕੱਦ ਵਾਲਾ ਅਗਵਾਨੂੰ ਉਨ੍ਹਾਂ ਨੂੰ ਹੋਰ ਕੋਈ ਨਹੀਂ ਲੱਭ ਸਕਣਾ।

ਦੂਸਰੀ ਗੱਲ ਪੰਜਾਬ ਸਰਕਾਰ ਚਲਾਉਣ ਵਾਲਿਆਂ ਨੂੰ ਇਹ ਸਮਝ ਲੈਣੀ ਚਾਹੀਦੀ ਹੈ ਕਿ ਲੋਕ ਸਿਰਫ ਮੁਫਤ ਦਾ ਮਾਲ ਵੰਡਣ ਦੀਆਂ ਗਾਰੰਟੀਆਂ ਨਾਲ ਬੱਝੇ ਨਹੀਂ ਰਹਿ ਸਕਦੇ, ਉਨ੍ਹਾਂ ਦੀ ਨਿੱਤ ਦਿਨ ਦੀ ਜ਼ਿੰਦਗੀ ਵਿੱਚ ਜੋ ਕੁਝ ਵਾਪਰਦਾ ਤੇ ਉਹ ਭੁਗਤਦੇ ਹਨ, ਉਸ ਨੂੰ ਵੇਖਣਾ ਤੇ ਸੁਧਾਰਨਾ ਵੀ ਇਨ੍ਹਾਂ ਦਾ ਕੰਮ ਸੀ, ਪਰ ਕੀਤਾ ਨਹੀਂ ਗਿਆ। ਪਿਛਲੀ ਕੋਈ ਵੀ ਸਰਕਾਰ ਹੋਵੇ, ਭਾਵੇਂ ਅਕਾਲੀ-ਭਾਜਪਾ ਦੀ ਤੇ ਭਾਵੇਂ ਕਾਂਗਰਸ ਦੇ ਇੱਕ ਜਾਂ ਦੂਸਰੇ ਲੀਡਰ ਦੀ, ਜੇ ਉਸ ਵਕਤ ਲੋਕਾਂ ਨੂੰ ਥਾਣੇ-ਕਚਹਿਰੀ-ਹਸਪਤਾਲ ਆਦਿ ਹਰ ਦਫਤਰ ਵਿੱਚ ਜਾ ਕੇ ਜੇਬਾਂ ਖਾਲੀ ਕਰਨੀਆਂ ਪੈਂਦੀਆਂਸਨ ਤਾਂ ਅਜੋਕੀ ਸਰਕਾਰ ਦੇ ਵਕਤ ਵੀ ਲੋਕਾਂ ਦਾ ਸਾਹ ਸੁਖਾਲਾ ਨਹੀਂ ਕੀਤਾ ਜਾ ਸਕਿਆ। ਹੋਇਆ ਇਸ ਦੀ ਥਾਂ ਇਹ ਸੀ ਕਿ ਅਫਸਰਾਂ ਤੇ ਹੇਠਲੇ ਕਰਮਚਾਰੀਆਂ ਨੇ 'ਰਿਸਕ ਫੈਕਟਰ ਵਧ ਗਿਆ' ਕਹਿਣਤੇ ਪਹਿਲਾਂ ਤੋਂ ਵੱਧ ਰੇਟ ਨਾਲ ਪੈਸਾ ਕਮਾਉਣ ਵਾਲਾ ਰਾਹ ਫੜ ਲਿਆ ਹੈ। ਸਰਕਾਰ ਤੇ ਆਮ ਆਦਮੀ ਪਾਰਟੀ ਦੀ ਲੀਡਰਸ਼ਿਪ ਇਸ ਨੂੰ ਰੋਕਣ ਲਈ ਅਫਸਰਾਂ ਤੇ ਹੇਠਲੇ ਕਰਮਚਾਰੀਆਂ ਨੂੰ ਗਾਹੇ-ਬਗਾਹੇ ਦਬਕੇ ਮਾਰਦੀ ਰਹਿੰਦੀ ਹੈ, ਪਰ ਜਿਹੜੀ ਛੁਰੀ ਫੇਰਨ ਦਾ ਕੰਮ ਇਸ ਪਾਰਟੀ ਦੇ ਮੰਤਰੀ ਤੇ ਵਿਧਾਇਕ ਕਰਦੇ ਪਏ ਹਨ, ਉਨ੍ਹਾਂ ਵੱਲ ਵੇਖਣ ਅਤੇ ਨੱਥ ਪਾਉਣ ਦਾ ਕਦੇ ਧਿਆਨ ਕੀਤਾ ਗਿਆ। ਅਸੀਂ ਖੁਦ ਜਾਣਦੇ ਹਾਂ ਕਿ ਜਦੋਂ ਪੰਜਾਬ ਦੀ ਅਜੋਕੀ ਸਰਕਾਰ ਬਣੀ ਤਾਂ ਕਈ ਸੀਟਾਂ ਲਈ ਚੋਣ ਲੜਨ ਵਾਲਾ ਉਮੀਦਵਾਰ ਨਾ ਲੱਭਣ ਕਾਰਨ ਜਿਹੜਾ ਕੋਈ ਸਾਹਮਣੇ ਆਇਆ, ਖੜਾ ਕਰ ਦਿਤਾ ਗਿਆ ਤੇ ਕਈ ਬੇਈਮਾਨ ਵੀ ਇਸ ਪਾਰਟੀ ਦਾ ਵਿਧਾਇਕ ਬਣਨ ਵਿੱਚ ਸਫਲ ਹੋ ਗਏ ਸਨ, ਪਰ ਸਾਰੇ ਦੇ ਸਾਰੇ ਬੇਈਮਾਨ ਨਹੀਂ ਸਨ। ਤਿੰਨ ਸਾਲ ਲੰਘਣ ਦੇ ਬਾਅਦ ਵੇਖੀਏ ਤਾਂ ਇਸ ਗੱਲੋਂ ਹੈਰਾਨੀ ਹੁੰਦੀ ਹੈ ਕਿ ਜਿਹੜੇ ਉਸ ਵਕਤ ਬਹੁਤ ਈਮਾਨਦਾਰ ਬੰਦੇ ਵਿਧਾਇਕ ਬਣੇ ਸਨ, ਉਨ੍ਹਾਂ ਵਿੱਚੋਂ ਵੀ ਬਹੁਤ ਸਾਰਿਆਂ ਨੇ ਬਾਕੀਆਂ ਵਾਲਾ ਕੰਮ ਸ਼ੁਰੂ ਕਰ ਦਿੱਤਾ ਹੈ। ਉਨ੍ਹਾਂ ਨੂੰ ਇਹ ਕੁਝ ਸਿੱਖਣਾ ਨਹੀਂ ਪਿਆ, ਸਰਕਾਰੀ ਗਲਿਆਰਿਆਂ ਵਿੱਚ ਕਾਂਗਰਸ ਤੇ ਅਕਾਲੀ-ਭਾਜਪਾ ਸਰਕਾਰਾਂ ਦੇ ਵਕਤ ਦਲਾਲੀਆਂ ਕਰਨ ਲਈ ਜਾਣੇ ਜਾਂਦੇ ਸਿਰੇ ਦੇ ਬਦਨਾਮ ਬੰਦਿਆਂ ਨੇ ਇਨ੍ਹਾਂ ਦੇ ਲਈ ਦਲਾਲੀਆਂ ਸ਼ੁਰੂ ਕਰ ਦਿੱਤੀਆਂ ਹਨ ਤੇ ਇਹ ਗੱਲ ਮੰਨਣੀ ਔਖੀ ਹੈ ਕਿ ਸਰਕਾਰ ਦੇ ਮੁਖੀ ਨੂੰ ਪਤਾ ਨਹੀਂ। ਜਿਹੜੀ ਗੱਲ ਪੰਜਾਬ ਦੇ ਬੱਚੇ-ਬੱਚੇ ਦੀ ਜ਼ਬਾਨ ਉੱਤੇ ਹੈ, ਉਹ ਸਰਕਾਰ ਚਲਾਉਣ ਵਾਲਿਆਂ ਨੂੰ ਵੀ ਜ਼ਰੂਰ ਪਤਾ ਹੋਵੇਗੀ।

ਇਸ ਕਰ ਕੇ ਦਿੱਲੀ ਵਿਧਾਨ ਸਭਾ ਦੇ ਜਿਹੜੇ ਨਤੀਜੇ ਆਏ ਹਨ, ਉਨ੍ਹਾਂ ਵੱਲ ਵੇਖਦੇ ਹੋਏ ਖੜੇ ਪੈਰ ਕੁਝ ਅਹਿਮ ਕੰਮ ਪੰਜਾਬ ਸਰਕਾਰ ਤੇ ਇਸ ਦੇ ਮੁਖੀ ਜਾਂ ਇਸ ਨੂੰ ਚਲਾਉਣ ਵਾਲੀ ਪਾਰਟੀ ਦੇ ਸੂਬਾ ਪ੍ਰਧਾਨ ਨੂੰ ਕਰਨ ਦੀ ਲੋੜ ਪੈਣੀ ਹੈ। ਉਨ੍ਹਾਂ ਨੂੰ ਆਪਣੀ ਟੋਕਰੀ ਵਿੱਚੋਂ ਗੰਦੇ ਆਂਡੇ ਚੁਣ ਕੇ ਬਾਹਰ ਸੁੱਟਣ ਦੀ ਕਸਰਤ ਕਰਨੀ ਪਵੇਗੀ, ਪਰ ਮੁਸ਼ਕਲ ਇਹ ਹੈ ਕਿ ਇਸ ਕੰਮ ਵਿੱਚ ਦੇਰ ਬੜੀ ਹੋ ਚੁੱਕੀ ਹੈ। ਪਹਿਲੇ ਅਤੇ ਦੂਸਰੇ ਸਾਲ ਵਿੱਚ ਇਹ ਕੰਮ ਕਰਨਾ ਸੌਖਾ ਸੀ, ਅੱਜ ਜਦੋਂ ਹੋਰਨਾਂ ਦੀ ਵੇਖੋ-ਵੇਖੀ ਬਚੇ-ਖੁਚੇ ਈਮਾਨਦਾਰਾਂ ਵਿੱਚੋਂ ਵੀ ਬਹੁਤ ਸਾਰੇ ਇਸ ਪਟੜੀ ਉੱਤੇ ਪੈ ਚੁੱਕੇ ਹਨ, ਬੇਈਮਾਨਾਂ ਦੀ ਗਿਣਤੀ ਕਰਨ ਨਾਲੋਂ ਅੱਜ ਤੱਕ ਬਚੇ ਹੋਏ ਵਿਰਲੇ ਈਮਾਨਦਾਰ ਦੀ ਪਛਾਣ ਕਰਨੀ ਵੱਧ ਸੌਖੀ ਹੋ ਸਕਦੀ ਹੈ। ਸਰਕਾਰ ਦੀ ਅਗਵਾਈ ਕਰਨ ਵਾਲਾ ਅਤੇ ਉਸ ਨਾਲ ਜੁੜੀ ਟੀਮ ਇਹ ਸੋਚ ਕੇ ਚੱਲਦੀ ਪਈ ਹੈ ਕਿ ਉਨ੍ਹਾਂ ਕੋਲ ਦੋ ਸਾਲ ਅਜੇ ਹੋਰ ਹਨ, ਪਰ ਉਹ ਇਹ ਨਹੀਂ ਸੋਚਦੇ ਕਿ ਆਖਰੀ ਸਾਲ ਵਿੱਚ ਅਫਸਰਸ਼ਾਹੀ ਕਿਸੇ ਸਰਕਾਰ ਦਾ ਹੁਕਮ ਮੰਨਣ ਦੀ ਥਾਂ ਹੁਕਮ ਟਾਲਣ ਦਾ ਕੰਮ ਵੱਧ ਕਰਨ ਲੱਗਦੀ ਹੈ। ਪੰਜਾਬ ਦੀ ਅਫਸਰਸ਼ਾਹੀ ਨੇ ਪਿਛਲੇ ਤਿੰਨ ਸਾਲ ਵੀ ਇਨ੍ਹਾਂ ਦੇ ਆਦੇਸ਼ ਪੂਰੀ ਤਰ੍ਹਾਂ ਕਦੇ ਨਹੀਂ ਮੰਨੇ, ਬਾਕੀ ਦੋ ਸਾਲ ਰਹਿੰਦੇ ਗਿਣ ਕੇ ਵੀ ਗੁਜ਼ਾਰਾ ਨਹੀਂ ਹੋਣਾ। ਦਿੱਲੀ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਓਥੋਂ ਦੇ ਲੋਕਾਂ ਨੇ ਜੋ ਸੰਦੇਸ਼ ਜਾਂ ਸੰਕੇਤ ਦਿੱਤਾ ਹੈ, ਉਸ ਨੂੰ ਅੱਖੋਂ ਪਰੋਖੇ ਕਰਨ ਦੀ ਥਾਂ ਭਵਿੱਖ ਲਈ ਚੰਗੇ ਸਿੱਟਿਆਂ ਦੀ ਆਸ ਵਿੱਚ ਜੋ ਕੁਝ ਕਰਨ ਦੀ ਲੋੜ ਹੋ ਸਕਦੀ ਹੈ, ਜੇ ਉਹ ਨਾ ਕੀਤਾ ਗਿਆ ਤਾਂ ਭੁਆਂਟਣੀ ਆ ਸਕਦੀ ਹੈ।




**Allseas Fisheries Inc. is Hiring!**
**DZ licensed delivery drivers needed.**
Pay is $24/hour. Full time, permanent
Should work any day of the week, including weekends.
If interested, please forward resume to **rgidda@allseas.net**

## ਲੜਕੀ ਦੀ ਲੋੜ

ਰਾਮਗੜ੍ਹੀਆ ਸਿੱਖ ਲੜਕਾ, 26 ਸਾਲ, 5ਫੁੱਟ, 9ਇੰਚ, ਵਰਕ ਪਰਮਿਟ, ਟਰੱਕ ਡਰਾਈਵਰ, ਨਾਨਡ੍ਰਿੰਕਿੰਗ ਲਈ, ਪੀ.ਆਰ./ਸਿਟੀਜ਼ਨ ਲੜਕੀ ਦੀ ਲੋੜ। ਸੰਪਰਕ: sukh25125@gmail.com ਜਾਂ ਵਟਸਐਪ +16723355016, ਕੋਈ ਜਾਤੀ ਬੰਧਨ ਨਹੀਂ। ਮੈਰਿਜ ਬਿਊਰੋ ਵਾਲੇ ਮੁਆਫ ਕਰਨ।

ਲੁਬਾਣਾ ਸਿੱਖ, 1989 ਕਲੀਨਸ਼ੇਵ, ਗੋਰਾ ਰੰਗ, ਕੱਦ 5'8, ਕੈਨੇਡਾ ਵਿੱਚ ਸਥਾਈ ਨਿਵਾਸੀ (**Italian citizen**) ਲਈ ਖ਼ੂਬਸੂਰਤ ਅਤੇ ਪੜ੍ਹੀ ਲਿਖੀ ਲੜਕੀ ਦੀ ਲੋੜ। ਸੰਪਰਕ- 647-449-6746 ਜਾਂ 250-793-0527

Sikh Tonk kashtriya Boy Feb/1993 Born, height 5.11", B.tech in computer science, On work permit PR applied. Working as a supervisor. Looking for beautiful PR/Work permit/ Study permit girl. Caste No Bar. Whatsapp or Call at +91 9417272807, +12269787777

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 10 ਇੰਚ, ਲੜਕੇ ਦੀ ਇਕ ਭੈਣ ਹੈ, ਆਟੋਮੋਟਿਵ ਪਾਵਰ ਟੈਕਨੀਸ਼ੀਅਨ, ਆਟੋਮੋਬਾਇਲ ਇੰਡਸਟਰੀ ਵਿਚ ਮਿਕੈਨਿਕ ਦੇ ਤੌਰ 'ਤੇ ਕੰਮ ਕਰ ਰਿਹਾ ਹੈ, ਕੈਨੇਡੀਅਨ ਪੀਆਰ ਹੈ, ਲਈ ਜੱਟ ਸਿੱਖ, ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਲੜਕੀ ਕੈਨੇਡਾ ਵਿਚ ਵਰਕ ਪਰਮਿਟ ਉਤੇ ਹੋਵੇ, ਸਟੱਡੀ ਪਰਮਿਟ ਉਤੇ ਜਾਂ ਪੀਆਰ ਹੋਲਡਰ ਹੋਵੇ। ਸੰਪਰਕ: (289) 380-6898

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ। ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ। ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

**Allseas Fisheries Inc. is Hiring!**
**DZ licensed delivery drivers needed.**
Pay is $24/hour. Full time, permanent
Should work any day of the week, including weekends.
If interested, please forward resume to **rgidda@allseas.net**

## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ, ਕੈਨੇਡਾ ਦੇ ਦੋ ਸੂਬਿਆਂ ਵਿਚ ਸਫ਼ਲ ਸਥਾਪਿਤ ਆਪਣਾ ਕਾਰੋਬਾਰ ਕਰਦੇ ਵੈੱਲ ਸੈਟਲਡ ਪਰਿਵਾਰ ਦੇ ਕੈਨੇਡਾ ਵਿਚ 16 ਸਾਲ ਤੋਂ ਰਹਿ ਰਹੇ ਲੜਕੇ, ਉਮਰ 32 ਸਾਲ, ਕੱਦ 5 ਫੁੱਟ, 10 ਇੰਚ, ਲਈ ਯੋਗ ਲੜਕੀ ਦੀ ਜ਼ਰੂਰਤ। ਸੰਪਰਕ ਕਰੋ: 204-510-7658 ਜਾਂ 437-881-7282

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈੱਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013




## ਲੜਕੇ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੀ ਲੜਕੀ, 28 ਸਾਲ, 5'6", ਕੇਨੈਡਾ ਵਿੱਚ ਵਿਜਟਰ ਵੀਜ਼ੇ 'ਤੇ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜਨ/ਪੀ.ਆਰ. ਜੱਟ ਸਿੱਖ ਲੜਕੇ ਦੀ ਜ਼ਰੂਰਤ। ਸੰਪਰਕ: 647-203-7573

ਕੈਨੇਡਾ (ਬਰੈਪਟਨ) ਪੀ ਆਰ ਦਰਜੀ ਸਿੰਘ (ਛੀਂਬਾ) ਤਲਾਕਸ਼ੁਦਾ ਲੜਕੀ B.Sc.Nursing, 33 ਸਾਲ 5' 2" ਲਈ ਪਗੜੀਧਾਰੀ ਲੜਕੇ ਦੀ ਲੋੜ। +919417939114

Need suitable match for 58 years old Hindu (Khatri) lady (Non Manglik), Height 5'3". Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5'4" tall, has a bachelor's degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

## ਲੜਕੇ ਦੀ ਲੋੜ

ਗਿੱਲ ਜੱਟ ਸਿੱਖ, 1992, ਇਕਲੌਤੀ, B.Tech. ਲੜਕੀ ਲਈ ਗੁਰਸਿੱਖ ਕੈਨੇਡੀਅਨ ਸੈਟਲਡ ਪਰਿਵਾਰ ਦੇ ਲੜਕੇ ਦੀ ਲੋੜ। ਸੰਪਰਕ: 9464034653, 2364582228

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5 ਫੁੱਟ 4", ਬੀ.ਏ ਪਾਸ, ਹੇਅਰ ਐਂਡ ਸਕਿੱਨ ਕੇਅਰ ਡਿਪਲੋਮਾ (ਆਈ. ਟੀ.ਆਈ) ਕੰਪਿਊਟਰ ਡਿਪਲੋਮਾ ਇੱਕ ਸਾਲ ਕੀਤਾ ਹੋਇਆ, ਵਿਜ਼ਟਰ ਵੀਜ਼ੇ 'ਤੇ ਕੇਨੈਡਾ ਆਈ ਹੋਈ, ਲਈ ਕੈਨੇਡੀਅਨ ਜਟ ਸਿੱਖ ਪੀ.ਆਰ ਲੜਕੇ ਦੀ ਲੋੜ। ਸੰਪਰਕ: 1-905-451-1716, +919876533403

ਕੈਨੇਡਾ ਪੀ ਆਰ ਲੜਕੀ ਲਈ ਵਰ ਦੀ ਲੋੜ, 1991/5'3", ਲਈ ਸ਼ੁਧ ਵੈਸ਼ਨੂੰ ਲੜਕੇ ਦੀ ਲੋੜ। ਕੈਨੇਡਾ ਨੂੰ ਪਹਿਲ। ਸੰਪਰਕ: 9855238175

ਜੱਟ ਸਿੱਖ 1996/5'-3", ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ: 9478403300

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11" ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664









# ਸ਼੍ਰੋਮਣੀ ਕਮੇਟੀ ਵੱਲੋਂ ਗਿਆਨੀ ਹਰਪ੍ਰੀਤ ਸਿੰਘ ਦੀਆਂ ਸੇਵਾਵਾਂ ਕੀਤੀਆਂ ਗਈਆਂ ਖ਼ਤਮ

## ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ- ਧਾਰਮਿਕ ਸੰਸਥਾ ’ਤੇ ਰਾਜਨੀਤਿਕ ਦਬਾਅ ਮਾੜਾ

ਅੰਮ੍ਰਿਤਸਰ, 10 ਫਰਵਰੀ (ਪੋਸਟ ਬਿਊਰੋ): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਅੱਜ ਇਕੱਤਰਤਾ ਦੌਰਾਨ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ ਸਬੰਧ ’ਚ ਬਣਾਈ ਜਾਂਚ ਕਮੇਟੀ ਦੀ ਰਿਪੋਰਟ ਨੂੰ ਪ੍ਰਵਾਨ ਕਰ ਲਿਆ ਗਿਆ ਅਤੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਉਨ੍ਹਾਂ ਦੀਆਂ ਸੇਵਾਵਾਂ ਤੋਂ ਫਾਰਗ ਕਰ ਦਿੱਤਾ ਗਿਆ ਹੈ।

ਇਸ ਫੈਸਲੇ ਸੰਬੰਧੀ ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਜਾਂਚ ਕਮੇਟੀ ਦੀ ਰਿਪੋਰਟ ’ਤੇ ਬਹੁ-ਸੰਮਤੀ ਨਾਲ ਫੈਸਲਾ ਲਿਆ ਹੈ। ਉਨ੍ਹਾਂ ਕਿਹਾ ਕਿ ਸ਼ਿਰਫ ਤਿੰਨ ਮੈਂਬਰਾਂ ਨੇ ਇਸ ਸੰਬਧੀ ਆਪਣਾ ਵਿਰੋਧੀ ਨੋਟ ਦਰਜ ਕਰਵਾਇਆ, ਜਦਕਿ ਬਾਕੀ ਹਾਜ਼ਰ ਅੰਤ੍ਰਿੰਗ ਕਮੇਟੀ ਮੈਂਬਰਾਂ ਨੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਜਾਂਚ ਕਮੇਟੀ ਦੀ ਰਿਪੋਰਟ ਦੇ ਆਧਾਰ ’ਤੇ ਫਾਰਗ ਕਰਨ ਦੇ ਫੈਸਲੇ ’ਤੇ ਸਹਿਮਤੀ ਪ੍ਰਗਟਾਈ ਹੈ।

ਸਕੱਤਰ ਪ੍ਰਤਾਪ ਸਿੰਘ ਨੇ ਦੱਸਿਆ ਕਿ ਜਾਂਚ ’ਚ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ’ਤੇ ਲੱਗੇ ਦੋਸ਼ ਸਾਬਤ ਹੋਣ ਤੇ ਤਖ਼ਤ ਸਾਹਿਬ ਦੀ ਮਾਣ ਮਰਯਾਦਾ ਨੂੰ ਠੇਸ ਪਹੁੰਚਾਉਣ ਕਾਰਨ ਅੰਤ੍ਰਿੰਗ ਕਮੇਟੀ ਦੁਆਰਾ ਇਹ ਕਾਰਵਾਈ ਕੀਤੀ ਹੈ।



ਉਨ੍ਹਾਂ ਨੇ ਦੱਸਿਆ ਕਿ ਅੰਤ੍ਰਿੰਗ ਕਮੇਟੀ ਦੁਆਰਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀ ਥਾਂ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਨੂੰ ਫਿਲਹਾਲ ਆਪਣੇ ਕੰਮ ਦੇ ਨਾਲ-ਨਾਲ ਜਥੇਦਾਰ ਦੇ ਅਧਿਕਾਰ ਖੇਤਰ ਵਾਲੀਆਂ ਸੇਵਾਵਾਂ ਕਾਰਜਕਾਰੀ ਤੌਰ ’ਤੇ ਸੌਂਪੀਆਂ ਹਨ।

ਇਸ ਫੈਸਲੇ ’ਤੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਮੈਨੂੰ 2 ਦਸੰਬਰ ਆਲੇ ਦਿਨ ਹੀ ਅਹਿਸਾਸ ਹੋ ਗਿਆ ਸੀ ਕਿ ਮੇਰੀਆਂ ਸੇਵਾਵਾਂ ਖਤਮ ਕਰ ਦਿੱਤੀਆਂ ਜਾਣਗੀਆਂ ਅਤੇ ਅੱਜ ਓਹੀ ਹੋਇਆ ਹੈ। ਉਨ੍ਹਾਂ ਕਿਹਾ ਕਿ ਜੋ ਹੋਇਆ ਠੀਕ ਹੈ।

ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਹੁਣ ਮੈਂ ਪੰਥ ਅਤੇ ਕੌਮ ਜੋਗਾ ਰਹਿ ਗਿਆ। ਅੱਗੇ ਜੋ ਅਕਾਲ ਪੁਰਖ ਨੂੰ ਸਵੀਕਾਰ ਹੋਵੇ ਉਹ ਹੀ ਹੋਣਾ ਹੈ। ਉਨ੍ਹਾਂ ਕਿਹਾ ਕਿ ਧਾਰਮਿਕ ਸੰਸਥਾ ’ਤੇ ਰਾਜਨੀਤਿਕ ਦਬਾਅ ਮਾੜਾ ਹੈ।

# ਬੈਂਗਲੁਰੂ ਵਿਚ ਏਸ਼ੀਆ ਦੀ ਸਭ ਤੋਂ ਵੱਡੀ ਏਰੋਸਪੇਸ ਅਤੇ ਰੱਖਿਆ ਪ੍ਰਦਰਸ਼ਨੀ ‘ਏਅਰੋ ਇੰਡੀਆ’ ਸ਼ੁਰੂ

ਬੈਂਗਲੁਰੂ, 10 ਫਰਵਰੀ (ਪੋਸਟ ਬਿਊਰੋ): ਕੇਂਦਰੀ ਰੱਖਿਆ ਮੰਤਰੀ ਨੇ ਸੋਮਵਾਰ ਨੂੰ ਬੈਂਗਲੁਰੂ ਦੇ ਯੇਲਹੰਕਾ ਏਅਰ ਫ਼ੋਰਸ ਬੇਸ ’ਤੇ ‘ਏਅਰੋ ਇੰਡੀਆ’ ਦੇ 15ਵੇਂ ਸੰਸਕਰਨ ਦਾ ਉਦਘਾਟਨ ਕੀਤਾ। ਇਸ ਨੂੰ ਏਸ਼ੀਆ ਦਾ ਸਭ ਤੋਂ ਵੱਡਾ ‘ਏਅਰੋਸਪੇਸ’ ਅਤੇ ਰੱਖਿਆ ਪ੍ਰਦਰਸ਼ਨੀ ਮੰਨਿਆ ਜਾਂਦਾ ਹੈ। ‘ਏਅਰੋ ਇੰਡੀਆ’ ਦਾ ਆਯੋਜਨ 10 ਤੋਂ 14 ਫ਼ਰਵਰੀ ਤਕ ਕੀਤਾ ਜਾਵੇਗਾ। ਪਹਿਲੇ ਤਿੰਨ ਦਿਨ ਸਿਰਫ਼ ਉੱਦਮੀਆਂ ਲਈ ਹੋਣਗੇ ਜਦਕਿ 13 ਤੋਂ 14 ਫ਼ਰਵਰੀ ਨੂੰ ਆਮ ਲੋਕ ਵੀ ਇੱਥੇ ਆ ਸਕਣਗੇ।



ਅਧਿਕਾਰੀਆਂ ਨੇ ਦਸਿਆ ਕਿ ‘ਰਨਵੇ ਟੂ ਏ ਬਿਲੀਅਨ ਅਪਰਚਿਊਨਿਟੀਜ਼’ ਦੀ ਥੀਮ ਨਾਲ, ਪੰਜ ਦਿਨਾਂ ਦੇ ਇਸ ਸ਼ਾਨਦਾਰ ਸਮਾਗਮ ਵਿਚ ਭਾਰਤ ਦੀ ਹਵਾਈ ਤਾਕਤ ਅਤੇ ਸਵਦੇਸ਼ੀ ਆਧੁਨਿਕ ਨਵੀਨਤਾਵਾਂ ਦੇ ਨਾਲ-ਨਾਲ ਗਲੋਬਲ ਏਅਰੋਸਪੇਸ ਕੰਪਨੀਆਂ ਦੇ ਅਤਿ-ਆਧੁਨਿਕ ਉਤਪਾਦਾਂ ਨੂੰ ਪ੍ਰਦਰਸ਼ਿਤ ਕੀਤਾ ਜਾਵੇਗਾ।

ਉਨ੍ਹਾਂ ਕਿਹਾ ਕਿ ‘ਆਤਮਨਿਰਭਰ ਭਾਰਤ’ ਅਤੇ ‘ਮੇਕ ਇਨ ਇੰਡੀਆ, ਮੇਕ ਫ਼ਾਰ ਦਾ ਵਰਲਡ’ ਦੇ ਵਿਜ਼ਨ ਅਨੁਸਾਰ, ਇਹ ਪ੍ਰੋਗਰਾਮ ਸਵਦੇਸ਼ੀਕਰਨ ਨੂੰ ਤੇਜ਼ ਕਰਨ ਲਈ ਅੰਤਰਰਾਸ਼ਟਰੀ ਸਹਿਯੋਗ ਨੂੰ ਮਜ਼ਬੂਤ ਕਰਨ ਲਈ ਇਕ ਪਲੇਟਫ਼ਾਰਮ ਵੀ ਪ੍ਰਦਾਨ ਕਰੇਗਾ, ਜਿਸ ਨਾਲ 2047 ਤਕ ਦੇਸ਼ ਨੂੰ ਵਿਕਸਤ ਭਾਰਤ ਬਣਾਉਣ ਦੇ ਕੇਂਦਰ ਸਰਕਾਰ ਦੇ ਸੰਕਲਪ ਨੂੰ ਮਜ਼ਬੂਤ ਕਰੇਗਾ।

ਕਰਨਾਟਕ ਦੇ ਉਪ ਮੁੱਖ ਮੰਤਰੀ ਡੀ.ਕੇ. ਸ਼ਿਵਕੁਮਾਰ, ਚੀਫ਼ ਆਫ਼ ਡਿਫੈਂਸ ਸਟਾਫ਼ (ਸੀਡੀਐਸ) ਅਨਿਲ ਚੌਹਾਨ ਸਮੇਤ ਹੋਰਨਾਂ ਨੇ ਉਦਘਾਟਨ ਸਮਾਰੋਹ ਵਿਚ ਸ਼ਿਰਕਤ ਕੀਤੀ।

ਇਸ ਮੌਕੇ ਰੱਖਿਆ ਮੰਤਰੀਆਂ ਦੀ ਕਾਨਫ਼ਰੰਸ, ਮੁੱਖ ਕਾਰਜਕਾਰੀ ਸੰਮੇਲਨ, ਭਾਰਤ ਅਤੇ ਆਈਡੀਈਐਕਸ ਪਵੇਲੀਅਨਾਂ ਦਾ ਉਦਘਾਟਨ, ਭਾਰਤ ਅਤੇ ਆਈਡੀਈਐਕਸ ਪ੍ਰੋਗਰਾਮ ਦਾ ਉਦਘਾਟਨ, ਮੰਥਨ ਆਈਡੀਈਐਕਸ ਪ੍ਰੋਗਰਾਮ, ਸਮਰੱਥਾ ਸਵਦੇਸ਼ੀ ਪ੍ਰੋਗਰਾਮ, ਸਮਾਪਤੀ ਸਮਾਰੋਹ, ਸਿੰਪੋਜ਼ੀਅਮ, ਐਰੋਬੈਟਿਕਸ ਅਤੇ ਏਰੋਸਪੇਸ ਕੰਪਨੀਆਂ ਦੀ ਪ੍ਰਦਰਸ਼ਨੀ ਵਰਗੇ ਪ੍ਰੋਗਰਾਮ ਆਯੋਜਤ ਕੀਤੇ ਜਾਣਗੇ। ਇਹ ਹੁਣ ਤਕ ਦਾ ਸਭ ਤੋਂ ਵੱਡਾ ‘ਏਅਰੋ ਇੰਡੀਆ’ ਈਵੈਂਟ ਹੋਣ ਜਾ ਰਿਹਾ ਹੈ ਕਿਉਂਕਿ ਇਸ ਵਾਰ ਇਸ ਦਾ ਦਾਇਰਾ ਵਧਾ ਕੇ 42,000 ਵਰਗ ਮੀਟਰ ਤੋਂ ਵੱਧ ਕਰ ਦਿਤਾ ਗਿਆ ਹੈ ਅਤੇ ਇਸ ਵਿਚ 150 ਵਿਦੇਸ਼ੀ ਕੰਪਨੀਆਂ ਸਮੇਤ 900 ਤੋਂ ਵੱਧ ਪ੍ਰਦਰਸ਼ਕ ਹਿੱਸਾ ਲੈਣਗੇ।



















FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017